ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ, ਪਟਿਆਲਾ

ਵੱਲ :

ਵੱਣਜ਼ ਗਸਤੀ ਪੱਤਰ ਨੰ: 39/2011

ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ (ਵੰਡ)
ਅਧੀਨ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ। 2 ਕਾਪੀਆਂ

ਮੀਮੋ ਨੰ: 24505/09 /ਐਸਐਸਐਮ-286/ਲੂਜ਼ ਮਿਤੀ 14/10/11

ਵਿਸ਼ਾ : ਖੇਤੀਬਾੜੀ ਦੀ ਜਮੀਨ ਲਈ ਪੰਚਾਇਤਾਂ,ਧਾਰਮਿਕ ਸਥਾਨਾਂ, ਗਊ ਸ਼ਾਲਾਵਾਂ ਅਤੇ ਹਰੀਜਨ ਖੇਤੀਬਾੜੀ ਕੋਆਪਰੇਟਿਵ ਸੁਸਾਇਟੀਆਂ ਨੂੰ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ ਦੇਣ ਵਿਚ ਤੇਜੀ ਲਿਆਉਣ ਸੰਬੰਧੀ।

ਖੇਤੀਬਾੜੀ ਦੀ ਜਮੀਨ ਲਈ ਪੰਚਾਇਤਾਂ,ਧਾਰਮਿਕ.ਸਥਾਨਾਂ, ਗਊ ਸ਼ਾਲਾਵਾਂ ਅਤੇ ਹਰੀਜਨ ਖੇਤੀਬਾੜੀ ਕੋਆਪਰੇਟਿਵ ਸੁਸਾਇਟੀਆਂ ਨੂੰ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ ਦੇਣ ਵਿਚ ਤੇਜੀ ਲਿਆਉਣ ਸੰਬੰਧੀ ਪੰਜਾਬ ਸਰਕਾਰ ਬਿਜਲੀ ਵਿਭਾਗ (ਊਰਜਾ ਸ਼ਾਖਾ) ਚੰਡੀਗੜ੍ਹ ਵੱਲੋਂ ਜਾਰੀ ਅਧਿਸੂਚਨਾ ਨੰ:10/91/2011-ਓਸ-6/2663 ਮਿਤੀ: ਚੰਡੀਗੜ੍ਹ:26-ਜੁਲਾਈ-2011 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਗਠਿਤ ਕੀਤੀ ਕਮੇਟੀ ਵੱਲੋ ਇਸ ਅਧਿਸੂਚਨਾ ਅਧੀਨ ਦਰਸਾਈਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨੀ ਅਤੇ ਇਨ੍ਹਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਨੱਥੀ: ਉਪਰੋਕਤ ਅਨੁਸਾਰ

ਉਪ ਮੁੱਖ ਇੰਜੀਨੀਅਰ/ਵਿਕਰੀ-1,
ਵਾ: ਮੁੱਖ ਇੰਜੀਨੀਅਰ/ਵਣਜ,
ਪੰ:ਰਾ:ਪਾ:ਕਾ:ਲਿ:,ਪਟਿਆਲਾ ।

ਪਿੱਠ ਅੰਕਣ 24506/23 /ਐਸਐਸਐਮ-286/ਲੂਜ਼ ਮਿਤੀ 14/10/11

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ,ਪੰ:ਰਾ:ਪਾ:ਕਾ:ਲਿਮਟਿਡ, ਪਟਿਆਲਾ।
2) ਸਾਰੇ ਨਿਰਦੇਸ਼ਕ,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ।
3) ਵਿੱਤ ਕਮਿਸ਼ਨਰ/ ਫਾਇਨਾਸ਼ ਟੂ ਗੋਰਮਿੰਟ ਪੰਜਾਬ ਐਕਸ-ਆਫੀਸੋ ਮੈਂਬਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ।
4) ਸਕੱਤਰ/ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ ।
5) ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ਼ ਵਿਭਾਗ, ਪੰਜਾਬ ਸਰਕਾਰ,ਚੰਡੀਗੜ ।
6) ਪ੍ਰੈਜੀਜੈਂਟ, ਸਟੇਟ ਡਿਸਪਿਊਟ ਰਿਡਰੈਸਲ ਕਮਿਸ਼ਨ (ਪੰਜਾਬ) SCO ਨੰ:3009-10, ਸੈਕਟਰ-22, ਚੰਡੀਗੜ੍ਹ।
7) ਮੁੱਖ ਇੰਜਨੀਅਰ/ਚੇਅਰਮੈਨ (ਫੋਰਮ),ਪੀ-1,ਵਾਈਟ ਹਾਊਸ ਰਾਜਪੁਰਾ ਕਲੋਨੀ, ਪਟਿਆਲਾ।
8) ਸਕੱਤਰ/ਪੰਜਾਬ ਰਾਜ ਬਿਜਲੀ ਰੈਗੁਲੇਟਰੀ ਕਮਿਸ਼ਨ,ਐਸ.ਸੀ.ਓ.ਨੰ:220-221, ਸੈਕਟਰ-34 ਏ.ਚੰਡੀਗੜ੍ਹ।
9) Ombudsman, Electricity Punjab 66 KV Grid Sub-Station, Plot No.A-2, Industrial Area, Phase-1, SAS Nagar (Mohali)-160055.
10) ਨਿੱਜੀ ਸਕੱਤਰ ਟੂ ਬਿਜਲੀ ਮੰਤਰੀ ,ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ੍ਹ।
11) ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ।
12) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡਸਟ੍ਰੀਜ਼, ਪੰਜਾਬ ਸੈਕਟਰ-17, ਚੰਡੀਗੜ੍ਹ।
13) ਨਿਗਰਾਨ ਇੰਜ:/ਆਈ.ਟੀ.,ਪੰ:ਰਾ:ਪਾ:ਕਾ:ਲਿਮਟਿਡ,ਪਟਿਆਲਾ ਨੂੰ ਪੀ.ਐਸ.ਪੀ.ਸੀ.ਐਲ. ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।
14) Dy.CE/Sales-I, Dy.CE/Sales-II & Dy.CE/Billing,PSPCI,Patiala.

ਵਧੀਕ ਨਿਗ:ਇੰਜ:/ਵਿਕਰੀ-2,
ਵਾਸਤੇ ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।

134

SM-286

ਮੁੱਖ ਇੰਜੀਨੀਅਰ/ਵਪਾਰਕ,
ਡਾਇਰੀ ਨੰ: 632 ਮਿਤੀ 19/8/11

ਪੰਜਾਬ ਸਰਕਾਰ
ਬਿਜਲੀ ਵਿਭਾਗ
(ਊਰਜਾ ਸ਼ਾਖਾ)

## ਅਧਿਸੂਚਨਾ

ਨੰਬਰ 10/91/2011-ਓਸ6/12663 ਮਿਤੀ ਚੰਡੀਗੜ੍ਹ: 26 ਜੁਲਾਈ, 2011

ਪੰਜਾਬ ਦੇ ਰਾਜਪਾਲ ਜੀ ਪ੍ਰਸੰਨਤਾ ਪੂਰਵਕ, ਖੇਤੀਬਾੜੀ ਦੀ ਜ਼ਮੀਨ ਲਈ ਪੰਚਾਇਤਾਂ, ਧਾਰਮਿਕ ਸਥਾਨਾਂ, ਗਊਸ਼ਾਲਾਵਾਂ ਅਤੇ ਹਰੀਜਨ ਖੇਤੀਬਾੜੀ ਕੋਆਪਰੇਟਿਵ ਸੋਸਾਇਟੀਆਂ ਨੂੰ ਪਹਿਲ ਦੇ ਆਧਾਰ ਤੇ ਟਿਊਬਵੈੱਲ ਕੁਨੈਕਸ਼ਨ ਦੇਣ ਵਿੱਚ ਤੇਜ਼ੀ ਲਿਆਉਣ ਲਈ ਰਾਜ ਵਿੱਚ ਹੇਠ ਲਿਖੇ ਅਨੁਸਾਰ ਕਮੇਟੀਆਂ ਦਾ ਗਠਨ ਕਰਦੇ ਹਨ:-

| | | |
|---|---|---|
| 1. | ਐਕਸੀਅਨ (ਬਿਜਲੀ ਬੋਰਡ) | - ਚੇਅਰਮੈਨ |
| 2. | ਸਬੰਧਤ ਤਹਿਸੀਲਦਾਰ/ਨਾਇਬ ਤਹਿਸੀਲਦਾਰ | - ਮੈਂਬਰ |
| 3. | ਸਬੰਧੀ ਬੀ.ਡੀ.ਪੀ.ਓ. | - ਮੈਂਬਰ |
| 4. | ਸਬੰਧੀ ਐਸ.ਡੀ.ਓ. (ਬਿਜਲੀ) | - ਮੈਂਬਰ ਸਕੱਤਰ |

2) ਇਹ ਕਮੇਟੀਆ ਹਰ ਸ਼ਨਿੱਚਰਵਾਰ ਵਾਲੇ ਦਿਨ ਸਵੇਰੇ 10.00 ਵਜੇ ਐਕਸੀਅਨ (ਬਿਜਲੀ ਬੋਰਡ) ਦੇ ਦਫਤਰ ਵਿਖੇ ਮਿਲਿਆ ਕਰਨਗੇ।

3) ਸਬੰਧਤ ਤਹਿਸੀਲਦਾਰ/ਨਾਇਬ ਤਹਿਸੀਲਦਾਰ ਇਹ ਯਕੀਨੀ ਬਨਾਉਣਗੇ ਕਿ ਖੇਤੀਬਾੜੀ ਮਕਸਦ ਲਈ ਉਪਰੋਕਤ ਕੈਟਾਗਰੀਆ ਦੇ ਬਿਨੈਕਾਰਾਂ ਨੂੰ ਸਬੰਧਤ ਜਮਾਂਬੰਦੀ/ਰੈਵੀਨਿਊ ਰਿਕਾਰਡ ਦੀ ਨਕਲ ਮੌਕੇ ਤੇ ਹੀ ਉਪਲਬਧ ਕਰਵਾਈ ਜਾਵੇ।

4) ਬੀ.ਡੀ.ਪੀ.ਓ. ਵਲੋਂ ਕੀਤੀ ਜਾਣ ਵਾਲੀ ਕਾਰਵਾਈ, ਅਗਰ ਕੋਈ ਹੋਵੇ ਤਾਂ ਉਹ ਮੌਕੇ ਤੇ ਹੀ ਕੀਤੀ ਜਾਵੇ।

5) ਉਪਰੋਕਤ ਕੈਟਾਗਰੀਆ ਦੇ ਜ਼ਮੀਨ ਮਾਲਕਾ ਵਲੋਂ ਖੇਤੀਬਾੜੀ ਲਈ ਕੁਨੈਕਸ਼ਨ ਲੈਣ ਲਈ ਅਰਜ਼ੀ ਤੇ ਉਪਰੋਕਤ ਅਨੁਸਾਰ ਕਮੇਟੀ ਅਰਜ਼ੀ ਮੁਕੰਮਲ ਕਰਵਾਉਣ ਲਈ ਕਾਰਵਾਈ ਕਰੇਗੀ ਅਤੇ ਅਰਜ਼ੀ ਦੇਣ ਦੀ ਮਿਤੀ ਤੋਂ 10 ਦਿਨਾ ਦੇ ਅੰਦਰ-ਅੰਦਰ ਡਿਮਾਂਡ ਨੋਟਿਸ ਜਾਰੀ ਕੀਤਾ ਜਾਵੇਗਾ।

6) ਬਿਨੈਕਾਰ ਵਲੋਂ ਡਿਮਾਂਡ ਨੋਟਿਸ ਦੀ ਰਕਮ ਜਮ੍ਹਾਂ ਕਰਵਾਉਣ ਤੋਂ ਇੱਕ ਮਹੀਨੇ ਦੇ ਅੰਦਰ ਅੰਦਰ ਟ੍ਰਾਂਸਫਾਰਮਰ ਅਤੇ ਬਿਜਲੀ ਦੇ ਖੰਭੇ, ਤਾਰਾ ਆਦਿ ਦੀ ਕਾਰਵਾਈ ਮੁਕੰਮਲ ਕੀਤੀ ਜਾਵੇ।

7) ਬਿਨੈਕਾਰ ਵਲੋਂ ਟੈਸਟ ਰਿਪੋਰਟ ਦੇਣ ਤੋਂ 2 ਦਿਨਾ ਦੇ ਅੰਦਰ- ਅੰਦਰ ਖੇਤੀਬਾੜੀ ਟਿਊਬਵੈੱਲ ਲਈ ਕੁਨੈਕਸ਼ਨ ਰਲੀਜ਼ ਕੀਤਾ ਜਾਵੇ।

8) ਉਪਰੋਕਤ ਕਮੇਟੀ ਇਹ ਵੀ ਮੌਨੀਟਰ ਕਰੇਗੀ ਕਿ ਡਿਮਾਂਡ ਨੋਟਿਸ ਦੇਣ, ਟ੍ਰਾਂਸਫਾਰਮਰ ਅਤੇ ਬਿਜਲੀ ਦੇ ਖੰਭੇ, ਤਾਰਾਂ ਲਗਾਉਣ ਅਤੇ ਖੇਤੀਬਾੜੀ ਟਿਊਬਵੈਲਾ ਲਈ ਕੁਨੈਕਸ਼ਨ ਅਸਲ ਵਿੱਚ ਰਲੀਜ਼

ਚਲਦਾ----

Office of Dy. Chief Engr./Sales-I
Diary No. 2854
Dt. 19/8/11
P.S.P.C.L. Patiala

472
30/8/11

ਕਰਨ ਦੀ ਕਾਰਵਾਈ ਉਪਰੋਕਤ ਦਰਸਾਏ ਸਮੇ ਦੇ ਅੰਦਰ ਅੰਦਰ ਕੀਤੀ ਜਾਵੇ।

9) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ, ਪੰਜਾਬ ਸਟੇਟ ਪਾਵਰ ਕਾਰਪੋਰੇਸਨ ਲਿਮਟਿਡ ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਨਾਉਣਗੇ।

10) ਵਿੱਤੀ ਕਮਿਸਨਰ, ਮਾਲ, ਤੁਰੰਤ ਲੋੜੀਦੀਆਂ ਹਦਾਇਤਾਂ ਜਾਰੀ ਕਰਨਗੇ ਤਾਂ ਜੋ ਸਬੰਧਤ ਤਹਿਸੀਲਦਾਰ/ਨਾਇਬ ਤਹਿਸੀਲਦਾਰ ਉਪਰੋਕਤ ਕਮੇਟੀ ਦੀਆਂ ਮੀਟਿੰਗਾਂ ਨੂੰ ਅਟੈਂਡ ਕਰਨ ਅਤੇ ਖੇਤੀਬਾੜੀ ਦੇ ਟਿਊਬਵੈਲ ਕੁਨੈਕਸਨਾਂ ਲਈ ਲੋੜੀਦੇ ਮਾਲ ਰਿਕਾਰਡ ਦੀਆਂ ਨਕਲਾਂ ਨੂੰ ਯਕੀਨੀ ਬਨਾਉਣਗੇ।

11) ਵਿੱਤੀ ਕਮਿਸਨਰ, ਪੇਂਡੂ ਵਿਕਾਸ, ਹਦਾਇਤਾਂ ਜਾਰੀ ਕਰਨ ਗੇ ਕਿ ਸਬੰਧਤ ਬੀ.ਡੀ.ਪੀ.ਓ. ਉਪਰੋਕਤ ਕਮੇਟੀ ਦੀਆਂ ਮੀਟਿੰਗਾਂ ਅਟੈਂਡ ਕਰਨ ਨੂੰ ਯਕੀਨੀ ਬਨਾਉਣਗੇ

12) ਡਿਪਟੀ ਕਮਿਸਨਰ ਵੀ ਉਪਰੋਕਤ ਅਨੁਸਾਰ ਆਪਣੀ ਮਹੀਨੇਵਾਰ ਮੀਟਿੰਗ ਵਿੱਚ ਡਿਮਾਂਡ ਨੋਟਿਸ ਦੇਣ, ਟ੍ਰਾਂਸਫਾਰਮਰ ਆਦਿ ਲਗਾਉਣ ਅਤੇ ਅਸਲ ਵਿੱਚ ਟਿਊਬਵੈਲ ਕੁਨੈਕਸਨ ਰਲੀਜ ਕਰਨ ਨੂੰ ਉਪਰੋਕਤ ਸਮੇਂ-ਸੀਮਾਵਾਂ ਵਿੱਚ ਦੇਣ ਨੂੰ ਮੋਨੀਟਰ ਕਰਨਗੇ ਅਤੇ ਇਹ ਯਕੀਨੀ ਬਨਾਉਣਗੇ ਕਿ ਹਰ ਸਨਿਚੱਰਵਾਰ ਨੂੰ ਉਪਰੋਕਤ ਅਨੁਸਾਰ ਕੈਂਪ ਲਗਾਏ ਜਾ ਰਹੇ ਹਨ।

13) ਅਗਰ ਕਿਸੇ ਖਪਤਕਾਰ ਭਾਵੇਂ ਉਹ ਕਿਸੇ ਵੀ ਕੈਟੇਗਰੀ ਦਾ ਖਪਤਕਾਰ ਹੋਵੇ ਅਗਰ ਉਸ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਵਾਰਸ/ਵਾਰਸਾਂ ਦੇ ਨਾਮ ਤੇ ਖੇਤੀਬਾੜੀ ਦੇ ਟਿਊਬਵੈਲ ਕੁਨੈਕਸਨ ਨੂੰ ਟ੍ਰਾਂਸਫਰ ਕਰਨ ਦੀ ਕਾਰਵਾਈ ਵੀ ਉਪਰੋਕਤ ਕੈਂਪਾਂ ਵਿੱਚ ਕੀਤੀ ਜਾਵੇਗੀ।

ਮਿਤੀ ਚੰਡੀਗੜ੍ਹ
26 ਜੁਲਾਈ, 2011

ਅਨਿਰੁੱਧ ਤਿਵਾੜੀ
ਸਕੱਤਰ, ਪੰਜਾਬ ਸਰਕਾਰ
ਬਿਜਲੀ ਵਿਭਾਗ।

ਪਿੱਠ ਅੰਕਣ ਨੰਬਰ 10/91/2011-ਉਸ6/2614 ਮਿਤੀ ਚੰਡੀਗੜ੍ਹ: 26 ਜੁਲਾਈ 2011

ਇਸ ਦਾ ਇੱਕ ਉਤਾਰਾ ਸਮੇਤ ਤਸਦੀਕਸ਼ੁਦਾ ਕਾਪੀ ਕੰਟਰੋਲਰ ਛਪਾਈ ਅਤੇ ਲਿਖਣ ਸਮੱਗਰੀ ਵਿਭਾਗ, ਯੂ.ਟੀ. ਪ੍ਰੈਸ, ਚੰਡੀਗੜ੍ਹ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਸਧਾਰਣ ਗਜਟ ਵਿੱਚ ਛਾਪਿਆ ਜਾਵੇ ਅਤੇ ਨੋਟੀਫਿਕੇਸ਼ਨ ਦੀਆਂ 25 ਕਾਪੀਆਂ ਇਸ ਵਿਭਾਗ ਨੂੰ ਭੇਜੀਆਂ ਜਾਣ।

ਵਿਸ਼ੇਸ਼ ਸਕੱਤਰ ਪਾਵਰ

ਚਲਦਾ----

ਪਿੱਠ ਅੰਕਣ ਨੰਬਰ 10/91/2011-ਊਸ6 / 2665- 69 ਮਿਤੀ ਚੰਡੀਗੜ੍ਹ: 26 ਜੁਲਾਈ 2011

ਇਸ ਦਾ ਇਕ ਉਤਾਰਾ, ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

(1) ਵਿੱਤੀ ਕਮਿਸ਼ਨਰ, ਪੰਜਾਬ,
ਮਾਲ ਵਿਭਾਗ, ਚੰਡੀਗੜ੍ਹ।

(2) ਵਿੱਤੀ ਕਮਿਸ਼ਨਰ, ਪੰਜਾਬ,
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਚੰਡੀਗੜ੍ਹ।

(3) ਪੰਜਾਬ ਰਾਜ ਦੇ ਸਮੂਹ ਡਵੀਜ਼ਨਾਂ ਦੇ ਕਮਿਸ਼ਨਰ।

(4) ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

(5) ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ,
ਪੰਜਾਬ ਰਾਜ ਪਾਵਰ ਕਾਰਪੋਰੇਸ਼ਨ, ਲਿਮਟਿਡ,
ਪਟਿਆਲਾ।

ਵਿਸ਼ੇਸ਼ ਸਕੱਤਰ ਪਾਵਰ

ਪਿੱਠ ਅੰਕਣ ਨੰਬਰ 10/91/2011-ਊਸ6 / 2670 ਮਿਤੀ ਚੰਡੀਗੜ੍ਹ: 26 ਜੁਲਾਈ 2011

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ, ਨੂੰ ਉਨ੍ਹਾਂ ਦੇ ਪੱਤਰ ਨੰਬਰ ਪੀ.ਐਸ./ਪੀ.ਐਸ.ਸੀ. ਐਮ./2011/1136, ਮਿਤੀ 21.7.2011 ਦੇ ਹਵਾਲੇ ਵਿੱਚ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਪਾਵਰ